

ਦੋ ਕਵਿਤਾਵਾਂ

# ਅਮਰਜੀਤ ਚੰਦਨ

## • *ਪਹਿਲੇ ਪ੍ਰਥਮੇ*

*ਮਿਲੁ ਰਾਮ ਪਿਆਰੇ ਤੁਮ ਬਿਨੁ ਧੀਰਜੁ ਕੋ ਨ ਕਰੈ ॥੧॥ਰਹਾਉ॥ ਆਸਾ ਮਹਲਾ ੫॥*
*ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪਰੇਮ ਬਿਛੋਹੁ॥ਮਾਝ ਬਾਰਾਮਾਹਾ॥*

•

ਪੈਰਦਯਾਤੀ
ਮੇਰੀ ਧੀਰਣ ਮੇਰੀ ਮਾਈ
ਮਿਰਾ ਹਰ ਖਿਣ ਵੈਸਾਖ ਭਇਆ ਸਖੀਆ ਤੁਧ ਬਿਨ।
ਕਿਤ ਬਿਧ ਧਰਾਂ ਨ ਜਾਨੂ ਪੂਛਹ ਜਿਨ ਕਿਨ।
ਨਾ ਸਾਜਨ ਮੈਂ ਵੀਸਰਾਂ ਨਾ ਲਾਗੀ ਮਾਇਆ ਖੋਹ
ਇਕ ਦਰਸਨ ਨਿਤ ਮੰਗੀਐ ਨਾ ਕੋਇ ਹੰਕਾਰੋਹ।
ਤੂ ਦਿਸ ਆਵੈ ਹਰ ਸੂ ਜਾਵੈ ਉਛਲਤ ਮੋਹ।
ਮੈਂ ਖਲੀ ਜਿੰਦ ਨਿਚੁੜੀ ਤਰਸਤ ਤੇਰੀ ਛੁਹ।
ਮੇਰੀ ਧੀਰਣ ਮੇਰੀ ਮਾਈ ਮੇਰੀ ਕਾਮਣੀ।

## • *ਸ਼ਬਦ ਬੂੰਦ*

ਸ਼ਬਦ ਬੂੰਦ ਡਿੱਗੇ ਮੇਰੀ ਸਿੱਪੀ ਅੰਦਰ
ਬਣ ਕੇ ਬੂੰਦ ਸਵਾਂਤੀ
ਮੈਂ ਮਰਜੀਉੜਾ ਝਟ ਚੁੱਭੀ ਲਾਵਾਂ ਲਭ ਲਿਆਵਾਂ
ਸੁੱਚੜਾ ਮੋਤੀ
ਜੋੜ ਜੋੜ ਕੇ ਗਾਨੀ ਤੇਰੇ ਗਲ ਵਿਚ ਪਾਵਾਂ
ਸ਼ਬਦ ਡਿੱਗੇ
ਜਿਉਂ ਰੁੱਕ਼ੇ ਲਿਪਟਿਆ ਪੱਥਰ-ਗੀਟਾ ਸੁੱਟ ਵਗਾਹੇ
ਡਿੱਗਦਾ ਜਾ ਕਰ ਪ੍ਰੇਮੀ ਵਿਹੜੇ

ਪ੍ਰੇਮੀ ਅੱਖ ਬਚਾਵੇ
ਨਿੰਵ ਕੇ ਚੁੱਕੇ
ਹਿਕ ਨਾ' ਲਾਵੇ
ਸ਼ਬਦ ਇਹ ਖੁੱਲ੍ਹਦਾ ਨਾਲ ਚੁੰਮੀ ਦੇ
ਤਲ਼ੀ 'ਤੇ ਦਗ਼ਦਾ ਰੱਤੜਾ ਮਾਣਕ
ਮੱਥੇ ਦੌਣੀ
ਨਗ ਮੁੰਦਰੀ ਦਾ
ਨੱਕ ਦਾ ਕੋਕਾ
ਕੰਨ ਦਾ ਬੁੰਦਾ
ਸ਼ਬਦ ਜੁ ਤੇਰੇ ਮਨ ਦੀ ਕੁੱਖ ਵਿਚ ਡਿੱਗਦਾ ਚੁੱਪ-ਚੁਪੀਤਾ
ਲੈ ਕਰ ਪਹਿਲਾ ਸਾਹ ਫਿਰ ਫਲ਼ਦਾ
ਤੂੰ ਜਣਦੀ ਮੇਰੀ ਕਵਿਤਾ
ਕੰਬਦੀ ਕੁਰਲਾਂਦੀ ਨੂੰ
ਤੂੰ ਹਿੱਕ ਅਪਣੀ ਨਾ' ਲਾਂਦੀ
ਅਰਥ ਸ਼ਬਦ ਦਾ
ਘੁੱਟ ਕੇ ਛਾਤੀ ਦੇ ਨਾਲ਼ ਲੱਗਦਾ
ਸਿੰਮਦੀ ਦੁੱਧ ਦੀ ਪਹਿਲੀ ਬੂੰਦ ਟਪਕਦੀ
•

* ਕੋਈ ਹੈ। ਸਾਡਾ ਸੱਚਾ ਸੌਦਾ ਹੋਇਆ ਹੈ : ਉਹਦਾ ਘੱਲਿਆ ਕੋਈ ਸ਼ਬਦ ਹਰ ਸਵੇਰ ਮੇਰੀ ਝੋਲ਼ੀ 'ਚ ਡਿੱਗਦਾ ਹੈ ਤੇ ਮੈਂ ਉਹਦੀ ਕਵਿਤਾ ਬਣਾਉਂਦਾ ਹਾਂ। ਇਹ ਕਵਿਤਾਵਾਂ ਇਸ ਕੌਤਕ ਦੀਆਂ ਕੁਝ ਵੰਨਗੀਆਂ ਹਨ। *-ਅ.ਚੰ.*



ਰਾਜਾ ਸਾਦਿਕਉੱਲਾ (ਜਨਮ 1954) ਦੇ ਬਾਪ-ਦਾਦਾ ਵੀ ਸ਼ਾਇਰ ਸਨ। ਇਹ ਸੰਨ ਸੰਤਾਲੀ ਵਿਚ ਰਾਜੌੜੀਓਂ ਉੱਜੜ ਕੇ ਵਜ਼ੀਰਾਬਾਦ ਜਾ ਵਸੇ ਸਨ। ਰਾਜੇ ਨੇ ਸੰਨ 74 ਵਿਚ ਗੌਰਮਿੰਟ ਕਾਲਜ ਲਾਹੌਰੋਂ ਬੀ.ਏ. ਕਰਦਿਆਂ ਜ਼ਿਆ ਹਕੂਮਤ ਦੇ ਖ਼ਿਲਾਫ਼ ਸਿਆਸੀ ਸਰਗਰਮੀ ਵੀ ਕੀਤੀ। ਰਾਜੇ ਦੀ ਸ਼ਾਇਰੀ ਦੀ ਕਿਤਾਬ **ਪਹਿਲਾ ਪੂਰ** (1998) ਛਪ ਚੁੱਕੀ ਏ।

## **ਨਜ਼ਮ :** ਰਾਜਾ ਸਾਦਿਕਉੱਲਾ

### • *ਗਾਮੀ[1] ਯਾਰ*

ਜਦੋਂ ਵੀ ਮਿਲਣਾ
ਨਵੀਂ ਕਹਾਣੀ ਗਾਮੀ ਯਾਰ ਸੁਣਾਈ
ਜੋ ਕਹਿਣਾ ਅਸਾਂ ਸੱਚ ਮੰਨ ਲੈਣਾ
ਕੀਕਣ ਕੂੜ ਪਚਾਉਂਦੇ

ਇਕ ਅੱਖ ਰੁੰਨੀ-ਸੁੰਨੀ ਦਿਸਦੀ
ਦੂਜੀ ਮਨ ਪਰਚਾਉਂਦੀ
ਪਲ ਪਲ ਪਰਦੇ ਪਾਈ ਜਾਂਦੀ
ਸਭ ਕੁਝ ਖੋਲ੍ਹ ਵਿਖਾਉਂਦੀ

ਉਹ ਬਾਰੀ ਦੁੱਖ ਦਰਦਾਂ ਦੀ ਸੀ
ਹਿਜਰ ਦੁਆਰੇ ਖੁੱਲ੍ਹਦੀ
ਵਸਲ ਸਿਆਪੇ ਕੱਟਣ ਲੱਗਿਆਂ
ਜਿੰਦੜੀ ਨਿੱਤ ਸੀ ਰੁਲਦੀ

ਉਹ ਭੁੱਲਰ[2] ਦਾ ਯਾਰ ਪਿਆਰਾ
ਇਕ ਯੁੱਗ ਪੂਰਾ ਭੁੱਲਿਆ
ਨਿੱਕੀਆਂ ਨਿੱਕੀਆਂ ਲੋੜਾਂ ਪਿੱਛੇ
ਮਿੱਟੀ ਮਿੱਟੀ ਰੁਲਿਆ

ਨਸ਼ਾ ਨਾ ਕਰਦਾ, ਫੇਰ ਕੀ ਕਰਦਾ ?
ਇਕ ਪਲ ਜਿਉਣ ਦੀ ਖ਼ਾਤਰ ਬੰਦਾ
ਰੋਜ਼ ਦਿਹਾੜੀ ਮਰਦਾ

ਅੱਜ ਮੋਇਆ ਤਾਂ ਐਂਜ ਲੱਗਿਆ ਜਿਉਂ
ਹੱਡੋਂ ਸੌਖਾ ਹੋਇਆ
ਭੋਰਾ ਭੋਰਾ ਜਿਉਣ ਤੋਂ ਚੰਗਾ
ਓੜਕ ਪੂਰਾ ਹੋਇਆ

•

1. ਸੋਸ਼ਲਿਸਟ ਪਾਰਟੀ ਦਾ ਗ਼ੁਲਾਮ ਹੁਸੈਨ ਗਾਮੀ (1956-2009) ਵਜ਼ੀਰਾਬਾਦ ਦੀ ਅਸਫ਼ਹਾਨੀ ਟੀ ਕੰਪਨੀ ਦੇ ਕਾਮਿਆਂ ਤੇ ਟਾਂਗੇਵਾਨਾਂ ਤੇ ਰੇੜ੍ਹੀ ਵਾਹਣ ਵਾਲਿਆਂ ਦੀ ਯੂਨੀਅਨ ਦਾ ਆਗੂ ਸੀ।

2. ਗੁੱਜ਼ਰਾਂਵਾਲੀਆ ਕਾਮਰੇਡ ਗ਼ੁਲਾਮ ਨਬੀ ਭੁੱਲਰ—ਸੰਨ ਸੰਤਾਲੀ ਤੋਂ ਪਹਿਲਾਂ ਪੰਜਾਬ ਕਮਿਊਨਿਸਟ ਪਾਰਟੀ ਤੇ ਪਿੱਛੋਂ ਮਜ਼ਦੂਰ ਕਿਸਾਨ ਪਾਰਟੀ ਦਾ ਆਗੂ ਸੀ।



**ਮਹਮੂਦ ਅਵਾਣ**

ਡਬਲਿਨ ਆਇਰਲੈਂਡ ਰਹਿੰਦਾ ਮਹਿਮੂਦ ਅਵਾਣ (ਜਨਮ 1977, ਪਧਰਾੜ੍ਹ) ਕੰਪਿਊਟਰ ਇੰਜੀਨੀਅਰੀ ਕਰਦਾ ਏ। ਇਹਦੀਆਂ ਦੋ ਕਿਤਾਬਾਂ ਛਪੀਆਂ ਨੇ : **ਰਾਤ ਸਮੁੰਦਰ ਖੇਡ** (2002) ਤੇ **ਵੀਣੀ ਲਿਖਿਆ ਦਿਨ** (2012)। ਇਹ ਪਾਕਿਸਤਾਨ ਦੇ ਅੰਗਰੇਜ਼ੀ ਅਖ਼ਬਾਰ **ਦ ਨਿਊਜ਼ ਇੰਟਰਨੈਸ਼ਨਲ** ਵਿਚ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਸਾਹਿਤ ਬਾਰੇ ਬਾਕਾਇਦਾ ਲਿਖਦਾ ਰਹਿੰਦਾ ਏ।

## ਮਹਮੂਦ ਅਵਾਣ **ਦੀਆਂ ਸੱਤ ਨਜ਼ਮਾਂ**

### • *ਕਾਫ਼ਰ ਹੱਥਾਂ ਦੇ ਨਾਂ*

ਕੀ ਖੱਟਿਆ ਅਸਾਂ ਪਹਿਲਾਂ ਪੁੱਗ ਕੇ
ਕੀ ਖੱਟਿਆ ਅਸਾਂ ਰਾਵ੍ਹੀਂ ਬਹਿ ਬਹਿ
ਕੀ ਖੱਟਿਆ ਅਸਾਂ ਲੈ ਲੈ ਤੈਂਡਾ ਨਾਂ

ਇਸ਼ਕ ਅਸਾਡਾ ਹਾਕਮ ਹੋਇਆ
ਫੁੱਲ ਸਾਡੀ ਹੱਥਕੜੀਆਂ

ਜਿਉਂਦਿਆਂ ਸਾਡੀ ਕੈਦ ਨਾ ਮੁੱਕੇ
ਲੱਖ ਪਏ ਕਰੀਏ ਅੜੀਆਂ

### • *ਕੱਲ੍ਹ ਆਵਣ ਵਾਲੇ ਦੁੱਖ ਦੇ ਨਾਂ*

ਅੱਜ ਵੀ ਨਵਾਂ-ਨਕੋਰ ਦਿਹਾੜਾ
ਸਾਡੇ ਹੱਥੋਂ ਮੈਲ਼ਾ ਹੋਇਆ
ਘਾਹ ਭੋਇੰ ਨਾਲ ਰਲ ਮਿਲ ਬਹਿ ਕੇ
ਅੱਜ ਰਾਤੀਂ ਅਸਾਂ ਔਖੀ ਰਾਤ ਟਪਾਈ

ਖ਼ਾਬ ਭੜੋਲੇ ਭਰਨ ਦਾ ਸੋਚ ਕੇ ਰੁੰਨੇ
ਇਕ ਦੂਜੇ ਵੱਲ ਤੱਕ ਕੇ ਹੱਸੇ
ਸੋਚਿਆ ਸੀ
ਐਵੇਂ ਰਾਤ ਟਪਾਈ ਜਾ ਸਕਦੀ ਏ
ਪਰ ਨਹੀਂ ਟੱਪਦੀ

ਕੱਲ੍ਹ ਦੇ ਦੁੱਖ ਪੱਕ ਹੋਵਣ ਤਾਂ
ਅੱਜ ਦੁੱਖ ਨਹੀਂ ਲੰਘਦੇ
ਭਾਵੇਂ ਤੈਂਡੇ ਸਾਂਗੇ[1] ਸੰਗ ਹੋਵਣ

### • *ਕੂਫ਼ੇ[2] ਵਿਚ ਹਿਕ ਹੋਰ ਰਾਤ*

ਹਾਲਾਂ ਤਾਈਂ ਇੰਞ ਲੱਗਦਾ ਏ
ਸਾਡੇ ਅੰਦਰਾਂ ਦੇ ਵਿਚ
ਕਲਮਾ ਵੀ ਨਹੀਂ ਪੂਰਾ ਹੋਇਆ

ਇੰਞ ਲੱਗਦਾ ਏ
ਸਾਡੀਆਂ ਨਾੜਾਂ ਦੇ ਵਿਚ ਬਜਰੀ ਟੁਰਦੀ ਫਿਰਦੀ
ਇਹ ਗਲੀਆਂ ਜਿਥੋਂ ਅੱਜ ਰਾਤੀਂ ਅਸਾਂ ਲੰਘਣਾ
ਸਾਨੂੰ ਲੰਘਣ ਨਾ ਦੇਸਣ

ਸੁਣ ਵੇ ਸੱਜਣਾ !
ਅੱਜ ਰਾਤੀਂ ਅਸੀਂ ਆਪਣੇ ਕੋਈ ਨਾ
ਸਾਡੇ ਹੱਥ ਦੁਸ਼ਮਣ ਦੇ ਹੱਥ ਨੇ
ਪੈਰ ਨੇ ਕੂਫ਼ੇ ਵਰਗੇ

ਅੱਜ ਰਾਤੀਂ ਸਾਡਾ ਹੋਣੀ ਕੋਈ ਨਾ
ਸਭ ਨੇ ਤੇਰੇ ਵਰਗੇ

### • *ਪੂਣੀ ਪੂਣੀ ਰਾਤ*

ਕਦੀ ਦਾਦ[3] ਪੰਜਾਲੀ ਪਾ ਪਾ ਹੱਸਣ
ਜ਼ਿੰਮੀ ਰੋਵੇ
ਮੰਜੀ ਉੱਤੇ ਬਹਿਣ ਨ ਹੋਵੇ
ਢਿੱਡ ਖ਼ਾਲੀ ਰਹਿ ਵੰਞਣ
ਵਾਅ ਦਿਆਂ ਖਿਲਰਿਆਂ ਵਾਲਾਂ ਵਿਚੋਂ
ਖਿੰਡਦੇ ਇਸ਼ਕ ਨੂੰ
ਕਿਹੜੇ ਸੀਨੇ ਲਾਵੇ ?

ਵੇਹੜੇ ਦੇ ਵਿਚ
ਚੰਨ ਦਾ ਦੀਵਾ ਬਾਲ ਕੇ
ਚਰਖ਼ਾ ਕੱਤਣ ਆਲੇ ਹੱਥ
ਮਜ਼ਦੂਰਾਂ ਵਾਂਗਰ ਪੂਣੀ ਪੂਣੀ ਰੋਵਣ
ਜਦ ਖ਼ਾਬ ਸਿਰਹਾਣੇ ਥੱਲੇ ਰੱਖ ਕੇ
ਲੋਕੀਂ ਬੁੱਢੇ ਹੋਵਣ

**1. ਸੰਗ 2. ਮੁਨਾਕਫ਼ਾ—ਦੰਭੀਆਂ ਦਾ ਪਿੰਡ 3.ਬਲਦ**

• *ਦਿਨ ਦਰਿਆ ਪਿਆ ਵੱਗੇ*

ਸਾਡੇ ਮੂੰਹ ਨਹੀਂ ਵੇਖਣੇ
ਨਿਤ ਮੋਇਆਂ ਦੇ ਮੂੰਹ ਨਹੀਂ ਹੁੰਦੇ
ਸੁੱਕੀਆਂ ਅੰਦਰ ਕਣੀਆਂ ਦੀ ਖ਼ੁਸ਼ਬੂ ਨਹੀਂ ਹੁੰਦੀ
ਸੱਜ ਰੁੰਨੀਆਂ ਦੀਆਂ ਅੱਖਾਂ ਦੇ ਵਿਚ
ਧੁੱਪ ਨਹੀਂ ਹੁੰਦੀ
ਛਾਂ ਹੁੰਦੀ ਏ

ਛਾਂ ਵਿਚ ਉਮਰਾਂ ਸਾੜ ਕੇ
ਆਪਣੀ ਗਿਣਤੀ ਭੁੱਲ ਜਾਵੋ ਤੇ
ਅੰਦਰਾਂ ਦੇ ਵਿਚ ਘਾਹ ਜੰਮਦੇ ਨੇ
ਗੱਦੜਾਂ ਵਿਚੋਂ ਸਾਹ ਲੱਭਦੇ ਨੇ

• *ਖ਼ੁਸ਼ਆਬ*[1]

ਮੈਂ ਪਾਣੀ ਦਰਿਆਵਾਂ ਦਾ
ਅਤੇ ਸੂਰਜ ਮੈਂਡੇ ਨੈਣ
ਮੈਂਡੇ ਕੋਲ ਪੁਰਾਣੇ ਕਿੱਸੇ
ਪਏ ਲਫ਼ਜ਼ ਜ਼ਬਾਨੋਂ ਢੈਣ

ਮੈਂ ਪੁੱਤਰ ਉਸ ਮਾਂ ਧਰਤੀ ਦਾ
ਜਿਥੇ ਰਾਤੀਂ ਫੂੜੀ ਉੱਤੇ
ਭੁੱਖੇ ਸੌਂਦੇ ਵੈਣ

• *ਨਵਾਂ ਕਹਾਣੀਕਾਰ*

ਅਸੀਂ ਇਥੇ ਐਵੇਂ ਨਹੀਂ ਆਏ
ਕਹਾਣੀ ਕਰਨ ਆਏ ਆਂ
ਪਰ ਜ਼ਰੂਰੀ ਨਹੀਂ
ਵਈ ਕਹਾਣੀ ਕਰੀਏ ਵੀ

ਸਾਡੇ ਕੋਲ ਜੇ ਕਹਿਣ ਜੋਗਾ ਬਹੁਤ ਕੁਝ ਏ
ਤਾਂ ਨਾ ਕਹਿਣ ਜੋਗਾ ਵੀ ਢੇਰ ਏ
ਅਸੀਂ ਜੇ ਆਪਣੇ ਅੱਖਰਾਂ ਵਿਚੋਂ
ਦਿਨ ਨਹੀਂ ਚਾੜ੍ਹ ਸਕਦੇ
ਤਾਂ ਹੱਥਾਂ ਉੱਤੇ ਰਾਤ ਤਾਂ ਡੱਕ ਸਕਦੇ ਆਂ
ਭਾਵੇਂ ਅੱਖਰ ਈ ਸਾਡੇ ਹੱਥ ਹੋਵਣ

•

1. **ਮੇਰਾ ਜੰਮਣ ਜ਼ਿਲ੍ਹਾ**

ਦੋ ਗ਼ਜ਼ਲਾਂ

# ਅਜਾਇਬ ਸਿੰਘ ਹੁੰਦਲ



**-1-**

ਧਰਤ ਸੀ ਉਸ ਦੀ ਨਾ ਉਸ ਦਾ ਸੀ ਜਦੋਂ ਅੰਬਰ ਕੋਈ।
ਆ ਗਿਆ ਉਹ ਸ਼ਹਿਰ ਮਾਂ ਦਾ ਵੇਚ ਕੇ ਜ਼ੇਵਰ ਕੋਈ।

ਸਿਰ ਕਿਸੇ ਦਾ ਧੜ ਕਿਸੇ ਦਾ ਪੈਰ ਵੀ ਅਪਣੇ ਨਹੀਂ,
ਕੈਸੇ ਕੈਸੇ ਦੇ ਗਿਆ ਸਾਨੂੰ ਹੈ ਇਹ ਰਹਿਬਰ ਕੋਈ।

ਰੋਟੀਆਂ ਕੱਪੜੇ ਦਵਾਈਆਂ ਸਭ ਜ਼ਰੂਰੀ ਨੇ ਜਦੋਂ,
ਕੁਝ ਰੁਪਈਆਂ ਨਾਲ ਕੀ ਕੀ ਲੈ ਕੇ ਜਾਏ ਘਰ ਕੋਈ।

ਕੀ ਕਿਤਾਬਾਂ ਤੇ ਗ੍ਰੰਥਾਂ 'ਚੋਂ ਹੈ ਮੈਂ ਲੈਣਾ ਭਲਾ,
ਦੇ ਪੜ੍ਹਾ ਮੈਨੂੰ ਜੇ ਢਾਈ ਪਿਆਰ ਦੇ ਅੱਖਰ ਕੋਈ।

ਆਦਮੀ ਤਾਂ ਆਦਮੀ ਹੈ ਆਦਮੀ 'ਤੇ ਕੀ ਗਿਲਾ,
ਚੋਟ ਖਾ ਕੇ ਰੋ ਪਏ ਵੇਖੇ ਨੇ ਮੈਂ ਪੱਥਰ ਕਈ।

ਮੇਰੀ ਤਰਬੀਅਤ ਨੂੰ ਮੇਰੀ ਬੁਜ਼ਦਿਲੀ ਨਾ ਸਮਝਣਾ,
ਕਰਨ ਤਾਂਡਵ ਨਾਚ ਲੱਗ ਜਾਏਗਾ ਫਿਰ ਸ਼ੰਕਰ ਕੋਈ।

ਸੋਚਦਾ ਮੈਂ ਵੀ 'ਅਜਾਇਬ' ਦੀ ਤਰ੍ਹਾਂ ਹਾਂ ਦੋਸਤੋ,
ਦਿਨ ਗਏ ਕਿੱਧਰ ਨੇ ਉਹ ਜਦ ਖ਼ੌਫ਼ ਸੀ ਨਾ ਡਰ ਕੋਈ।

•

**-2-**

ਮੈਂ ਵੀ ਸਾਂ ਸੂਰਜ ਵੀ ਸੀ ਐਪਰ ਮੇਰਾ ਸਾਇਆ ਨਾ ਸੀ।
ਮੈਨੂੰ ਆਪਣਾ ਆਪ ਤਨਹਾ ਇੰਜ ਕਦੇ ਲੱਗਿਆ ਨਾ ਸੀ।

ਕੋਈ ਦਿੰਦਾ ਵੀ ਦੁਆ ਮੈਨੂੰ ਤਾਂ ਦਿੰਦਾ ਕਿਸ ਤਰ੍ਹਾਂ,
ਜਦ ਫ਼ਕੀਰਾਂ ਨਾਲ ਹੀ ਮੈਂ ਵਾਸਤਾ ਰੱਖਿਆ ਨਾ ਸੀ।

ਪੈ ਰਿਹਾ ਪੜ੍ਹਨਾ ਹੈ ਮੈਨੂੰ ਰਾਤ ਨੂੰ ਉਹ ਦੋਸਤੋ,
ਮੈਂ ਸਵੇਰੇ ਵੀ ਕਦੇ ਅਖ਼ਬਾਰ ਜੋ ਪੜ੍ਹਿਆ ਨਾ ਸੀ।

ਰੋਕਣਾ ਮੈਨੂੰ ਬੜਾ ਚਾਹਿਆ ਸੀ ਥਾਂ ਥਾਂ 'ਤੇ ਮਗਰ,
ਮੈਂ ਹਵਾ ਦੇ ਵਾਂਗਰਾਂ ਸਾਂ ਮੈਂ ਕਿਤੇ ਰੁਕਿਆ ਨਾ ਸੀ।

ਬੋਝ ਏਨਾ ਸੀ ਗ਼ਮਾਂ ਦਾ ਆ ਪਿਆ ਉਸ ਸ਼ਖ਼ਸ 'ਤੇ,
ਸਿਰ ਖ਼ੁਸ਼ੀ ਦੇ ਵਕਤ ਵੀ ਉਸ ਦਾ ਉਤਾਂਹ ਉਠਿਆ ਨਾ ਸੀ।

ਝੜ ਗਏ ਪੱਤੇ ਤਾਂ ਲੈ ਆਈ ਹਵਾ ਸੀ ਇਕ ਜਗ੍ਹਾ,
ਫ਼ਾਸਲਾ ਬਿਰਖ਼ਾਂ ਵਿਚਾਲੇ ਦਾ ਮਗਰ ਘਟਿਆ ਨਾ ਸੀ।

ਲੱਗ ਰਿਹਾ ਹੈ ਜਿਸ ਤਰ੍ਹਾਂ ਤੈਨੂੰ 'ਅਜਾਇਬ' ਵੇਖ ਕੇ,
ਇਸ ਤਰ੍ਹਾਂ ਮੈਨੂੰ ਇਹ ਆਪਣਾ ਘਰ ਕਦੇ ਲੱਗਿਆ ਨਾ ਸੀ।

•

ਦੋ ਗ਼ਜ਼ਲਾਂ

# ਗੁਰਭਜਨ ਗਿੱਲ



### -1-

ਮਨ ਵਿਚਾਲੇ ਤੂੰ ਭਲਾ ਕਿੱਦਾਂ ਦੀ ਵਾਹੀ ਲੀਕ ਹੈ।
ਠੀਕ ਨੂੰ ਵੀ ਗ਼ਲਤ ਮੰਨੇਂ, ਗ਼ਲਤ ਆਖੇਂ ਠੀਕ ਹੈ।

ਤੇਰਿਆਂ ਹੋਠਾਂ ਦੀ ਥਿਰਕਣ, ਬੇਬਸੀ ਏਨੀ ਕਿ ਬਸ,
ਬਾਹਰ ਆਉਣੋਂ ਸਹਿਕਦੀ ਹੈ, ਦਿਲ 'ਚ ਗੂੰਗੀ ਚੀਕ ਹੈ।

ਜ਼ਿੰਦਗੀ ਜੇ ਬੇ-ਮਜ਼ਾ ਹੈ, ਜਾਣ ਲੈ ਤੂੰ ਇਸ ਤਰ੍ਹਾਂ,
ਖ਼ੌਲ ਵਿਚ ਬੰਦ ਹੋ ਰਿਹੈ ਇਹ ਓਸ ਦੀ ਤਸਦੀਕ ਹੈ।

ਤਪ ਰਿਹਾ ਸੂਰਜ ਦੁਪਹਿਰੇ, ਅੱਗ ਵਰ੍ਹਦੀ ਕਹਿਰ ਦੀ,
ਵੇਖ ਸਾਏ ਬਾਝ ਕਿਹੜਾ, ਜਾਨ ਦੇ ਨਜ਼ਦੀਕ ਹੈ।

ਇਹ ਪੁਰਾਣੇ ਬੋਹੜ ਪਿੱਪਲ, ਵਰਕ ਨੇ ਇਤਿਹਾਸ ਦੇ,
ਜਾਣਦੇ ਕਿਹੜਾ ਪਰਿੰਦਾ, ਪਿੰਡ ਦਾ ਵਸਨੀਕ ਹੈ।

ਜਿਓਂ ਸਰੋਵਰ ਵਿਚ ਤਰ ਕੇ ਸੁੱਕੀਆਂ ਮੁਰਗ਼ਾਬੀਆਂ,
ਸ਼ਬਦ-ਰੰਗਣ ਤੋਂ ਵਿਹੂਣਾ ਕਿਉਂ ਭਲਾ ਭਜਨੀਕ ਹੈ।

ਜ਼ਹਿਰ ਦਾ ਕਚਕੌਲ ਖ਼ਾਲੀ ਕਰ ਦਿਆਂਗਾ, ਠਹਿਰ ਜਾ,
ਵੇਖਦੀ ਰਹੁ ਜ਼ਿੰਦਗੀ ਹਾਲੇ ਤਾਂ ਪਹਿਲੀ ਡੀਕ ਹੈ।

•

### -2-

ਸਮੁੰਦਰ ਜਦ ਕਦੇ ਫੁੰਕਾਰਦਾ ਹੈ।
ਉਹ ਬੇੜੇ ਡੋਬਦਾ ਹੈ, ਮਾਰਦਾ ਹੈ।

ਉਹੀ ਫਿਰ ਸ਼ਾਂਤ ਸਾਗਰ ਹੋਣ ਵੇਲੇ,
ਕਰੋੜਾਂ ਬੇੜਿਆਂ ਨੂੰ ਤਾਰਦਾ ਹੈ।

ਮੈਂ ਖ਼ੁਦ ਵੀ ਆਪ ਅੱਖੀਂ ਵੇਖਿਆ ਹੈ,
ਕਿ ਤਾਕਤਵਰ ਕਿਵੇਂ ਹੰਕਾਰਦਾ ਹੈ।

ਤੂੰ ਕਿਸ ਦੇ ਜਾਲ ਵਿਚ ਉਲਝੀ ਨੀ ਜਿੰਦੇ!
ਇਹ ਮਾਹੀਗੀਰ ਦੂਜੇ ਪਾਰ ਦਾ ਹੈ।

ਇਹ ਜਿਹੜਾ ਚੋਗ ਚੁਗਦੈ ਮੋਤੀਆਂ ਦੀ,
ਪਰਿੰਦਾ ਓਪਰੀ ਜਹੀ ਡਾਰ ਦਾ ਹੈ।

ਹਜ਼ਾਰਾਂ ਜ਼ਖ਼ਮ ਖਾਧੇ ਦਿਲ ਮਿਰੇ ਨੇ,
ਅਜੇ ਵੀ ਬਾਜ਼ ਨੂੰ ਲਲਕਾਰਦਾ ਹੈ।

ਮੈਂ ਦਿਲ ਦਰਿਆ ਨੂੰ ਜੇ ਕਰ ਪਾਰ ਕੀਤਾ,
ਇਹ ਸਾਰਾ ਕਰਮ ਉਸ ਇਕਰਾਰ ਦਾ ਹੈ।

•

## ਦੋ ਕਵਿਤਾਵਾਂ : **ਸੁਖਚੈਨ ਮਿਸਤਰੀ**

• *ਯੁੱਧ*

ਯੁੱਧ ਵਿਚ ਖੜਕਦੀਆਂ ਨੇ ਤਲਵਾਰਾਂ ਵੀ
ਰੁਕਮਦੀਆਂ ਨੇ ਢਾਡੀਆਂ ਦੀਆਂ ਵਾਰਾਂ ਵੀ
ਤੁਹਾਡੇ ਜੁੱਸੇ ਦੇ ਨਾਲ-ਨਾਲ
ਤੁਹਾਡੇ ਪੁਰਖਿਆਂ ਦੀ ਯਾਦ ਤੁਰਦੀ ਹੈ
ਤੁਹਾਡੀ ਜੰਗ ਦੇ ਨਾਲ-ਨਾਲ
ਤੁਹਾਡੀ ਔਲਾਦ ਤੁਰਦੀ ਹੈ
ਤੁਹਾਡੀ ਪਰੰਪਰਾ ਤੁਹਾਡੀ ਸੰਤਾਨ ਤੁਰਦੀ ਹੈ

ਯੁੱਧ ਵਿਚ ਖੜਕਦੀਆਂ ਨੇ ਸ਼ਮੀਸ਼ਰਾਂ ਵੀ
ਤੁਹਾਡੀ ਸਿਮਰਤੀ ਵਿਚ ਪਈਆਂ ਤਸਵੀਰਾਂ
ਅਤੇ ਜ਼ੰਜੀਰਾਂ ਵੀ
ਤੁਹਾਡੀ ਜੰਗ ਨਾਲ ਤੁਸੀਂ ਆਪ ਤੁਰਦੇ ਹੋ
ਤੁਹਾਡਾ ਪੂਰਾ ਇਤਿਹਾਸ ਤੁਰਦਾ ਹੈ

ਤੁਹਾਡੀ ਸਭਿਅਤਾ ਤੁਰਦੀ ਹੈ
ਸ਼ਬਦ ਦੇ ਨਾਲ-ਨਾਲ ਮਨੁੱਖ ਦੀ ਅਣਖ ਤੁਰਦੀ ਹੈ
ਤੁਹਾਡਾ ਸੰਤਾਪ ਤੁਰਦਾ ਹੈ ਤੁਹਾਡੀ ਖ਼ੁਸ਼ੀ ਤੁਰਦੀ ਹੈ
ਤੁਹਾਡੀ ਆਬਰੂ ਤੁਰਦੀ ਹੈ, ਤੁਹਾਡੀ ਜ਼ਮੀਰ ਤੁਰਦੀ ਹੈ

ਇਸ ਸਭ ਕੁਝ ਦੇ ਨਾਲ-ਨਾਲ
ਤੁਹਾਡੀ ਸਿਮਰਤੀ 'ਚ ਪਈ ਸ਼ਮਸ਼ੀਰ ਤੁਰਦੀ ਹੈ
ਮਾਇਆ ਤੁਰਦੀ ਮਮਤਾ ਤੁਰਦੀ ਹੈ
ਮਨੁੱਖ ਦਾ ਮੋਹ-ਜਾਲ ਤੁਰਦਾ ਹੈ
ਇੰਜ ਤਹਾਡਾ ਖੰਡ-ਖੰਡ ਤੁਰਦਾ ਹੈ
ਇੰਜ ਤੁਰਦਾ ਹੈ ਸਾਰਾ ਬ੍ਰਹਿਮੰਡ
*